# ਕੇਜਰੀਵਾਲ 'ਤੇ ਹਮਲਾ ਅਕਾਲੀਆਂ ਤੇ ਕਾਂਗਰਸੀਆਂ ਦੀ ਬੁਖਲਾਹਟ ਦਾ ਨਤੀਜਾ : ਜਗਦੀਪ ਬਰਾੜ

## ਕਿਹਾ ਚੋਣਾਂ ਤੋਂ ਪਹਿਲਾਂ ਹੀ ਹਾਰ ਮੰਨ ਚੁੱਕੇ ਅਕਾਲੀ ਤੇ ਕਾਂਗਰਸੀ ਕੋਝੀਆਂ ਹਰਕਤਾਂ 'ਤੇ ਉਤਰੇ

**ਮੋਗਾ / ਭਵਨਦੀਪ ਸਿੰਘ ਪੁਰਬਾ**

ਪੰਜਾਬ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਦੌਰਾ ਅਕਾਲੀਆਂ 'ਤੇ ਕਾਂਗਰਸੀਆਂ ਨੂੰ ਇਨਾ ਨਰਾਸ਼ ਕਰ ਦੇਵੇਗਾ, ਇਸਦੀ ਆਸ ਨਹੀਂ ਸੀ। ਇਸੇ ਨਿਰਾਸ਼ਾ ਕਾਰਨ ਹੀ ਬੁਖਲਾਹਟ 'ਚ ਆ ਕੇ ਵੱਖ-ਵੱਖ ਥਾਵਾਂ 'ਤੇ ਅਕਾਲੀ ਤੇ ਕਾਂਗਰਸੀ ਲੀਡਰਾਂ ਵੱਲੋਂ 'ਮੁੱਲ' ਦੇ ਲਿਆਂਦੇ ਹੋਏ ਬੰਦਿਆਂ ਰਾਹੀਂ ਵਿਰੋਧ ਕੀਤਾ ਗਿਆ। ਇਥੋਂ ਤੱਕ ਕਿ ਕੇਜਰੀਵਾਲ 'ਤੇ ਜਾਨਲੇਵਾ ਹਮਲਾ ਕਰਨ ਤੋਂ ਵੀ ਨਹੀਂ ਟਲੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਪੰਜਾਬ ਦੇ ਸੰਯੁਕਤ ਸਕੱਤਰ ਜਗਦੀਪ ਸਿੰਘ ਬਰਾੜ ਜੈਮਲਵਾਲਾ ਨੇ ਕਿਹਾ ਕਿ ਕਾਂਗਰਸੀ ਤੇ ਅਕਾਲੀ ਆਗੂ ਚੋਣਾਂ ਤੋਂ ਪਹਿਲਾਂ ਹੀ ਹਾਰ ਮੰਨ ਚੁੱਕੇ ਹਨ ਅਤੇ ਨਿਰਾਸ਼ਾ ਤੇ ਬੁਖਲਾਹਟ 'ਚ ਆ ਕੇ ਕੋਝੀਆਂ ਹਰਕਤਾਂ 'ਤੇ ਉਤਰ ਆਏ ਹਨ।



ਲੁਧਿਆਣਾ ਵਿਖੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਹੋਏ ਜਾਨਲੇਵਾ ਹਮਲੇ 'ਤੇ ਪ੍ਰਤੀਕਰਮ ਕਰਦਿਆਂ ਜਗਦੀਪ ਬਰਾੜ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਨੌਜਵਾਨ ਵਿਕਰਮ ਧਨੌਲਾ ਵੱਲੋਂ ਜੁੱਤੀ ਸੁੱਟੀ ਗਈ ਸੀ ਤਾਂ ਉਸ 'ਤੇ ਭਾਰਤੀ ਦੰਡਾਵਲੀ ਦੀ ਧਾਰਾ 307 ਲੱਗੀ ਸੀ ਪਰ ਦਿੱਲੀ ਦੇ ਮੁੱਖ ਮੰਤਰੀ 'ਤੇ ਹੋਏ ਹਮਲੇ 'ਚ ਮਾਮੂਲੀ ਜਿਹੀਆਂ ਧਾਰਾਵਾਂ ਲਾ ਕੇ ਕੇਸ ਰਫਾ ਦਫਾ ਕਰਨ ਲਈ ਪੰਜਾਬ ਪੁਲਿਸ ਪੱਬਾਂ ਭਾਰ ਹੋਈ ਫਿਰਦੀ ਹੈ।

ਉਹਨਾਂ ਕਿਹਾ ਕਿ ਅਕਾਲੀ ਤੇ ਕਾਂਗਰਸੀ ਇਹ ਨਹੀਂ ਚਾਹੁੰਦੇ ਕਿ ਨਸ਼ਿਆਂ ਕਾਰਨ ਮਰ ਰਹੇ ਨੌਜਵਾਨਾਂ, ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਤੇ ਪੰਜਾਬ ਵਿੱਚ ਨਸ਼ੇ ਤੇ ਕਰਜ਼ੇ ਦੇ ਬਰਬਾਦ ਕੀਤੇ ਘਰਾਂ ਦੀ ਅਸਲ ਤਸਵੀਰ ਲੋਕਾਂ ਵਿੱਚ ਆਵੇ। ਇਸੇ ਕਾਰਨ ਹੀ ਅਕਾਲੀਆਂ ਤੇ ਕਾਂਗਰਸੀਆਂ ਵੱਲੋਂ ਬਿਨ੍ਹਾਂ ਕਿਸੇ ਮੁੱਦੇ ਤੋਂ ਕੇਜਰੀਵਾਲ ਦਾ ਥਾਂ-ਥਾਂ ਵਿਰੋਧ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਹਨਾਂ ਦੋਹਾਂ ਪਾਰਟੀਆਂ ਦੀ ਗੁੰਡਾਗਰਦੀ ਦਾ ਵਿਰੋਧ ਲੋਕਾਂ ਨੇ ਖੁਦ ਹੀ ਕਰਨਾ ਹੈ ਤੇ ਉਹ 2017 ਦੀ ਉਡੀਕ ਕਰ ਰਹੇ ਹਨ ਕਿ ਕਦੋਂ 2017 ਆਵੇ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਕੇ ਪੰਜਾਬ ਵਿੱਚੋਂ ਗੁੰਡਾਗਰਦੀ, ਭ੍ਰਿਸ਼ਟਾਚਾਰ, ਨਸ਼ੇ, ਰੇਤ ਮਾਫੀਆ, ਟਰਾਂਸਪੋਰਟ ਮਾਫੀਆ ਖਤਮ ਕੀਤਾ ਜਾਵੇ ਤੇ ਕਰਜ਼ੇ ਕਾਰਨ ਮਰ ਰਹੇ ਕਿਸਾਨਾਂ ਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਣ।

# ਕਾਂਗਰਸ ਪਾਰਟੀ ਵੱਲੋਂ ਪੰਜਾਬ ਅੰਦਰ ਭ੍ਰਿਸ਼ਟਾਚਾਰ, ਨਸ਼ਿਆਂ, ਖਿਲਾਫ਼ ਇਕ ਜ਼ੋਰਦਾਰ ਮੁਹਿੰਮ ਵਿੱਢੀ ਗਈ

## ਅਕਾਲੀ ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਨੇ ਪੰਜਾਬ ਨੂੰ ਤਬਾਹੀ ਦੇ ਕੰਢੇ ਲਿਆ ਕੇ ਖੜ੍ਹੇ ਕਰ ਦਿੱਤਾ ਹੈ - ਡਾ. ਮਾਲਤੀ ਥਾਪਰ

**ਮੋਗਾ / ਡਾ. ਮਨਜੀਤ ਸਿੰਘ ਸਰਾਂ**

ਮੋਗਾ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਮੀਟਿੰਗ ਸਾਬਕਾ ਮੰਤਰੀ ਡਾ: ਮਾਲਤੀ ਥਾਪਰ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੀ ਰਿਹਾਇਸ਼ ਵਿਖੇ ਹੋਈ। ਇਸ ਮੀਟਿੰਗ 'ਚ ਸੰਬੋਧਨ ਕਰਦਿਆਂ ਡਾ. ਮਾਲਤੀ ਥਾਪਰ ਨੇ ਕਿਹਾ ਕਿ ਪੰਜਾਬ ਦੀ ਕਿਸ਼ਤੀ ਦਿਨ-ਬ-ਦਿਨ ਡੂੰਘੇ ਮੰਝਧਾਰ ਵਿਚ ਡੁੱਬਦੀ ਜਾ ਰਹੀ ਹੈ, ਜਿਸ ਲਈ ਅਕਾਲੀ-ਭਾਜਪਾ ਸਰਕਾਰ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਨੇ ਅੱਜ ਪੰਜਾਬ ਸੂਬੇ ਨੂੰ ਤਬਾਹੀ ਦੇ ਕੰਢੇ ਲਿਆ ਕੇ ਖੜ੍ਹੇ ਕਰ ਦਿੱਤਾ ਹੈ ਅਤੇ ਅੱਜ ਪੰਜਾਬ ਵਿਚ ਅਮਨ ਕਾਨੂੰਨ ਨਾਂਅ ਦੀ ਕੋਈ ਚੀਜ਼ ਨਹੀਂ ਅਤੇ ਕਿਸਾਨ ਰੋਜ਼ਾਨਾ ਖੁਦਕੁਸ਼ੀਆਂ ਕਰ ਰਹੇ ਹਨ ਪਰ ਸਰਕਾਰ ਮੂਕ ਦਰਸ਼ਕ ਬਣ ਕੇ ਇਸ ਸਭ ਤਮਾਸ਼ਾ ਦੇਖ ਰਹੀ ਹੈ।




ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਲੋਕਾਂ ਨੂੰ ਜਾਗਰੂਕ ਕਰਨ ਲਈ ਅਤੇ ਪੰਜਾਬ ਇਸ ਲੋਟੂ ਸਰਕਾਰ ਨੂੰ ਚੱਲਦਾ ਕਰਨ ਲਈ 'ਕਾਂਗਰਸ ਲਿਆਓ, ਪੰਜਾਬ ਬਚਾਓ'। ਜਨ ਸੰਪਰਕ ਮੁਹਿਮ ਮੋਗਾ ਸ਼ਹਿਰ ਦੇ ਹਰ ਵਾਰਡ ਤੇ ਹਰ ਪਿੰਡ ਵਿਚ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਇਸ ਮੁਹਿਮ ਦਾ ਆਗਾਜ਼ ਵੱਡੀ ਗਿਣਤੀ ਵਿਚ ਜੁੜੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਦੀ ਹਾਜ਼ਰੀ ਵਿਚ ਕੀਤਾ।

# ਸੰਤ ਬਾਬਾ ਰੇਸ਼ਮ ਸਿੰਘ ਖੁਖਰਾਣੇ ਵਾਲਿਆਂ ਦੀ ਲੜਕੀ ਦਾ ਅਨੰਦ ਕਾਰਜ ਗੁਰਮਤਿ ਮਰਯਾਦਾ ਨਾਲ ਹੋਇਆਂ



**ਮੋਗਾ / ਭਵਨਦੀਪ ਸਿੰਘ ਪੁਰਬਾ**

ਪੰਜਾਬ ਵਿੱਚ ਦਿੱਲੀ ਦੇ ਸੰਤ ਬਾਬਾ ਰੇਸ਼ਮ ਸਿੰਘ ਖੁਖਰਾਣੇ ਵਾਲਿਆਂ ਦੀ ਲੜਕੀ ਬੀਬੀ ਬਲਜੀਤ ਕੌਰ ਦਾ ਅਨੰਦ ਕਾਰਜ ਕਾਕਾ ਤਲਵਿੰਦਰ ਸਿੰਘ ਸਪੁੱਤਰ ਸ. ਸਤਨਾਮ ਸਿੰਘ ਮੁੰਦਕੀ ਦੇ ਨਾਲ ਗੁਰਮਤਿ ਮਰਯਾਦਾ ਨਾਲ ਹੋਇਆਂ, ਜਿਸ ਵਿੱਚ ਕੋਈ ਵੀ ਦਾਜ ਦਹੇਜ ਨਾ ਦਿੱਤਾ ਨਾ ਲਿਆ ਗਿਆ। ਕਿਸੇ ਪ੍ਰਕਾਰ ਦਾ ਕੋਈ ਵੀ ਸ਼ੋਰ ਸ਼ਰਾਬਾ ਰਹਿਤ ਬਿਲਕੁਲ ਸ਼ਾਂਤਮਈ ਢੰਗ ਤਰੀਕੇ ਨਾਲ ਸਾਰਾ ਕਾਰਜ ਸੰਪਨ ਹੋਇਆਂ।

ਸਾਰਾ ਕਾਰਜ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਿਆਂ ਦੀ ਅਗਵਾਹੀ ਥੱਲੇ ਨੇਪਰੇ ਚੜ੍ਹਿਆ। ਸੰਤ ਬਾਬਾ ਬਲਦੇਵ ਸਿੰਘ ਜੀ ਨੇ ਸੁਭਾਗ ਜੋੜੀ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਬੱਚੇ ਬੱਚੀਆਂ ਦੇ ਵਿਆਹ ਸਾਦੇ ਢੰਗ ਤਰੀਕੇ ਨਾਲ ਕੀਤੇ ਜਾਣ।


ਦਾਜ ਦਹੇਜ ਲੈਣ ਦੇਣ ਤੋਂ ਬਚਿਆ ਜਾਵੇ। ਉਨ੍ਹਾਂ ਕਿਹਾ ਕਿ ਬੱਚੇ ਬੱਚੀਆਂ ਦੇ ਵਿਆਹ ਗੁਰਮਤਿ ਮਰਯਾਦਾ ਨਾਲ ਕੀਤੇ ਜਾਣ ਅਤੇ ਵਿਆਹ ਵਿੱਚ ਸ਼ਰਾਬ ਮੀਟ ਆਦਿ ਦਾ ਸੇਵਨ ਬਿਲਕੁਲ ਨਾ ਕੀਤਾ ਜਾਵੇ। ਜਿਸ ਤਰ੍ਹਾਂ ਦੀ ਮਸਾਲ ਸੰਤ ਬਾਬਾ ਰੇਸ਼ਮ ਸਿੰਘ ਖੁਖਰਾਣੇ ਵਾਲਿਆਂ ਨੇ ਲੜਕੀ ਅਤੇ ਲੜਕੇ ਦੇ ਸਾਦੇ ਵਿਆਹ ਕਰਕੇ ਪੇਸ਼ ਕੀਤੀ ਹੈ ਤੇ ਇਹ ਵਧਾਈ ਦੇ ਪਾਤਰ ਹਨ।

ਸੰਗਤਾਂ ਨੂੰ ਵੀ ਇਸ ਤੋਂ ਸੇਧ ਲੈਣੀ ਚਾਹੀਦੀ ਹੈ। ਇਸ ਮੌਕੇ ਬਾਬਾ ਹਰਗੋਬਿੰਦ ਸਿੰਘ ਕੋਰੇਵਾਲਾ ਅਤੇ ਬਾਬਾ ਗੁਰਵਿੰਦਰ ਸਿੰਘ ਡੇਮਰੂ ਵੀ ਹਾਜ਼ਰ ਸਨ।

# 'ਮਹਿਕ ਵਤਨ ਦੀ ਐਵਾਰਡ 2015' ਢਾਡੀ ਬਲਜਿੰਦਰ ਸਿੰਘ ਬਗੀਚਾ ਨੂੰ

**ਬਠਿੰਡਾ (ਭਾਈ ਰੂਪਾ) /ਅਨੋਖ ਸਿੰਘ ਸੇਲਬਰਹਾ, ਰਾਜਿੰਦਰ ਸਿੰਘ ਮਰਾਹੜ, ਵਰਿੰਦਰ ਲੱਕੀ**

ਅੰਤਰ-ਰਾਸ਼ਟਰੀ ਮਾਸਿਕ ਮੈਗਜ਼ੀਨ ਅਤੇ ਰੋਜ਼ਾਨਾ ਆਨਲਾਈਨ ਅਖਬਾਰ 'ਮਹਿਕ ਵਤਨ ਦੀ ਲਾਈਵ' ਵੱਲੋਂ ਦਿੱਤਾ ਜਾਣ ਵਾਲਾ ਸਲਾਨਾ 'ਮਹਿਕ ਵਤਨ ਦੀ ਐਵਾਰਡ' 2015 ਇਸ ਸਾਲ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਭਾਈਰੂਪਾ ਵਿਖੇ ਪ੍ਰਸਿੱਧ ਢਾਡੀ ਬਲਜਿੰਦਰ ਸਿੰਘ ਬਗੀਚਾ (ਭਾਈਰੂਪਾ) ਨੂੰ ਦਿੱਤਾ ਗਿਆ ਹੈ। ਢਾਡੀ ਬਲਜਿੰਦਰ ਸਿੰਘ ਬਗੀਚਾ ਨੂੰ ਢਾਡੀ ਕਲਾ ਦੇ ਖੇਤਰ ਵਿਚ ਪਾਏ ਵਡਮੁੱਲੇ ਯੋਗਦਾਨ ਬਦਲੇ ਇਹ ਸਲਾਨਾ 'ਮਹਿਕ ਵਤਨ ਦੀ ਐਵਾਰਡ-2015' ਨਾਲ ਸਨਮਾਨਿਤ ਕੀਤਾ ਗਿਆ ਹੈ।





ਇਸ ਮੌਕੇ ਇਹ ਐਵਾਰਡ ਭੇਂਟ ਕਰਨ ਲਈ 'ਮਹਿਕ ਵਤਨ ਦੀ ਲਾਈਵ' ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਉਨ੍ਹਾਂ ਦੇ ਨਾਲ ਧਾਰਮਿਕ ਸੰਪਾਦਕ ਸਾਧੂ ਸਿੰਘ ਧੰਮੂ, ਮੁੱਖ ਸਲਾਹਕਾਰ ਜਸਵੀਰ ਸਿੰਘ ਪੁੜੈਣ (ਆਰਟਿਸਟ) ਅਤੇ ਵਰਕਿੰਗ ਕਮੇਟੀ ਮੈਂਬਰ ਜਥੇਦਾਰ ਸਤਨਾਮ ਸਿੰਘ ਭਾਈਰੂਪਾ ਮੁੱਖ ਤੌਰ 'ਤੇ ਹਾਜ਼ਰ ਸਨ।'ਮਹਿਕ ਵਤਨ ਦੀ ਲਾਈਵ' ਦੇ ਧਾਰਮਿਕ ਸੰਪਾਦਕ ਸਾਧੂ ਸਿੰਘ ਧੰਮੂ ਨੇ ਢਾਡੀ ਬਲਜਿੰਦਰ ਸਿੰਘ ਬਗੀਚਾ ਦੇ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਦਾਰਾ 'ਮਹਿਕ ਵਤਨ ਦੀ ਲਾਈਵ' ਵੱਲੋਂ ਪਿਛਲੇ ਕਈ ਸਾਲਾਂ ਤੋਂ ਸਾਹਿਤ, ਕਲਾਂ ਅਤੇ ਹੋਰ ਖੇਤਰਾਂ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀ ਸਖਸ਼ੀਅਤਾਂ ਦੀ ਚੋਣ ਕਰਕੇ ਇਹ ਐਵਾਰਡ ਦਿੱਤਾ ਜਾ ਰਿਹਾ ਹੈ।

ਜੱਥੇਦਾਰ ਸਤਾਨਾਮ ਸਿੰਘ ਭਾਈਰੂਪਾ ਨੇ ਢਾਡੀ ਬਗੀਚਾ ਨੂੰ ਇਹ ਸਨਮਾਨ ਦੇਣ ਲਈ 'ਮਹਿਕ ਵਤਨ ਦੀ ਲਾਈਵ' ਦੇ ਸੰਪਾਦਕ ਭਵਨਦੀਪ ਸਿੰਘ ਪੁਰਬਾ ਅਤੇ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਇਸ ਸਮੇਂ ਸਾਧੂ ਸਿੰਘ ਧੰਮੂ ਦੇ ਢਾਡੀ ਜੱਥੇ ਵੱਲੋਂ ਵਾਰਾਂ ਵੀ ਪੇਸ਼ ਕੀਤੀਆ ਗਈਆ। ਇਸ ਮੌਕੇ ਨਗਰ ਪੰਚਾਇਤ ਦੇ ਪ੍ਰਧਾਨ ਗੁਰਮੇਲ ਸਿੰਘ ਮੇਲੀ, ਸੀਨੀ. ਮੀਤ ਪ੍ਰਧਾਨ ਸੁਰਜੀਤ ਭਾਈਰੂਪਾ, ਕੌਰ ਸਿੰਘ ਜਵੰਧਾ, ਹਰਵਿੰਦਰ ਡੀ.ਸੀ., ਜਗਤਾਰ ਜਵੰਧਾ, ਬਲਤੇਜ ਬਿੱਟੂ, ਚਮਕੌਰ ਸਿੰਘ ਤਪੀਆ, ਸਾਬਕਾ ਸਰਪੰਚ ਦਰਸ਼ਨ ਸਿੰਘ, ਮੱਲ ਸਿੰਘ ਮੁੱਟੇ, ਕਰਨੈਲ ਸਿੰਘ ਮੰਡੇਰ, ਅਨੋਖ ਸਿੰਘ ਸੇਲਬਰਾਹ, ਮਾਸਟਰ ਬਹਾਲ ਸਿੰਘ, ਪੂਰਨ ਸਿੰਘ ਖਾਲਸਾ, ਕੁਲਵੰਤ ਸਿੰਘ ਡਾਇਰੈਕਟਰ ਆਦਿ ਹਾਜ਼ਰ ਸਨ।